ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਸੈਰ ਸਪਾਟਾ



ਸਕੂਲ ਸਿੱਖਿਆ ਵਿਭਾਗ, ਪੰਜਾਬ

ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਸੈਰ ਸਪਾਟਾ

ਲੇਖਕ: ਅਮਰ ਗੋਸਵਾਮੀ
ਚਿੱਤਰ: ਪਾਰਥੋ ਸੇਨਗੁਪਤਾ
ਪੰਜਾਬੀ ਅਨੁਵਾਦ: ਪਵਨਦੀਪ ਕੌਰ



ਪੰਜ ਦੋਸਤ ਸਨ–
ਬਾਂਦਰ, ਚੂਹਾ, ਖਰਗੋਸ਼, ਕਾਟੋ, ਭਾਲੂ।
ਜੰਗਲ ਵਿੱਚ ਇੱਕ ਬਾਗ਼ ਸੀ।
ਇੱਕ ਦਿਨ ਸਾਰੇ ਪਿਕਨਿਕ ਮਨਾਉਣ ਗਏ।



ਸਾਰਿਆਂ ਨੇ ਲੁਕਣ-ਮੀਟੀ ਖੇਡੀ।
ਚੋਰ-ਸਿਪਾਹੀ ਖੇਡੇ।
ਖ਼ੂਬ ਦੌੜੇ।
ਦੇਰ ਤੱਕ ਖੇਡਦੇ ਰਹੇ।



ਬਾਂਦਰ ਬੋਲਿਆ, "ਹੁਣ ਕੁਝ ਖਾਣਾ ਚਾਹੀਦੈ।
ਕੁਝ ਲੈ ਆਉ।"
ਸਾਰੇ ਫਟਾਫਟ ਕੁਝ ਨਾ ਕੁਝ ਲੈ ਆਏ।
ਖਰਗੋਸ਼ ਗਾਜਰ ਲੈ ਆਇਆ।



ਭਾਲੂ ਪੱਤਾ ਗੋਭੀ।
ਕਾਟੋ ਟਮਾਟਰ।
ਚੂਹਾ ਮੂਲੀ।
ਸਭ ਨੇ ਧੋਇਆ, ਕੱਟਿਆ, ਰਲ਼ਾਇਆ।

ਹੁਣ ਖਾਣ ਦੀ ਵਾਰੀ ਆਈ।
ਭਾਲੂ ਬੋਲਿਆ, "ਵਾਹ! ਇਹ ਤਾਂ ਵੱਖਰਾ ਖਾਣਾ ਹੈ,
ਇਸਦਾ ਨਾਂ ਦੱਸੋ?"



ਚੂਹੇ ਨੇ ਕਿਹਾ, "ਇਹ ਚਾਟ ਹੈ।"
ਖਰਗੋਸ਼ ਨੇ ਕਿਹਾ,
"ਰੰਗ-ਬਿਰੰਗਾ ਹੈ।"



ਕਾਟੋ ਬੋਲੀ, "ਇਹ ਰਲ਼ਿਆ-ਮਿਲਿਆ ਹੈ।"
ਬਾਂਦਰ ਨੇ ਕਿਹਾ, "ਇਸਨੂੰ ਕਹਿੰਦੇ ਹਨ ਸਲਾਦ!
ਖ਼ੂਬ ਖਾਓ,
ਤਾਕਤ ਵਧਾਓ।"



ਚੂਹਾ ਬੋਲਿਆ, "ਹੁਣ ਤੋਂ ਮੈਂ ਏਹੀ ਖਾਵਾਂਗਾ,
ਮੈਂ ਵੱਡਾ ਹੋ ਕੇ ਸ਼ੇਰ ਬਣਨਾ ਹੈ।"

ਸਾਰੇ ਹੱਸਣ ਲੱਗੇ।



ਪੰਜ ਦੋਸਤ ਜਦੋਂ ਸੈਰ ਸਪਾਟਾ ਕਰਨ ਜਾਂਦੇ ਹਨ ਤਾਂ ਬਹੁਤ ਮਜ਼ਾ ਆਉਂਦਾ ਹੈ ਅਤੇ ਨਵੇਂ ਚਟਪਟੇ ਖਾਣਿਆਂ ਦਾ ਤਾਂ ਕੀ ਕਹਿਣਾ!

***Sair Spata*** (Punjabi) translated by Pawandeep Kaur, text and illustrations adapted from original story ***Sair Sapata*** (Hindi), written by Amar Goswami, illustrated by Partho Sengupta, published by Pratham Books (© Pratham Books, 2006) under a CC BY 4.0 license on StoryWeaver. Read, create and translate stories for free on www.storyweaver.org.in

PRATHAM BOOKS storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM BOOKS
A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ